This question paper contains 2 printed pages]

**Roll No.** | | | | | | | | | | | |

S. No. of Question Paper : **4478A**

Unique Paper Code : **212451**

**C**

Name of the Paper : **Punjabi Discipline-A (Compulsory)**

Name of the Course : **B.A. Programme II Year**

Semester : **IV**

Duration : **3 Hours**

Maximum Marks : **75**

*(Write your Roll No. on the top immediately on receipt of this question paper.)*

**ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਹੇਠ ਲਿਖੀਆਂ ਕਾਵਿ-ਪੰਕਤੀਆਂ ਵਿਚੋਂ ਕਿਸੇ **ਇਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

   ੳ) ਦੀਪਕ ਦੇਖ ਜਲੇ ਪਰਵਾਨਾ, ਉਨ ਇਹ ਕੀ ਮਜ਼੍ਹਬ ਪਛਾਤਾ।
   ਆਸ਼ਕ ਦੀਨ ਨ ਮਜ਼੍ਹਬ ਰਖੇਂਦੇ, ਉਨ੍ਹਾਂ ਵਿਰਦ ਖ਼ੁਦਾ ਕਰ ਜਾਤਾ।
   ਜਿਨ ਇਹ ਇਲਮ ਭੁਲਾਯਾ ਦਿਲ ਤੋਂ, ਉਨ ਲੱਧਾ ਯਾਰ ਗਵਾਤਾ।
   ਹਾਸ਼ਮ ਤਿਨ੍ਹਾਂ ਰੱਬ ਪਛਾਤਾ, ਜਿਨ੍ਹਾਂ ਆਪਣਾ ਆਪ ਪਛਾਤਾ।

   ਅ) ਵੇਦ ਕੁਰਾਨਾਂ ਪੜ੍ਹ ਪੜ੍ਹ ਥੱਕੇ
   ਸਿਜਦੇ ਕਰਦਿਆਂ ਘਸ ਗਏ ਮੱਥੇ
   ਨਾ ਰਬ ਤੀਰਥ ਨਾ ਰਬ ਮੱਕੇ
   ਜਿਨ ਪਾਯਾ ਤਿਨ ਨੂਰ ਅਨਵਾਰ
   ਇਸ਼ਕ ਦੀ ਨਵੀਓਂ ਨਵੀਂ ਬਹਾਰ। 10

2. 'ਮਧਕਾਲੀਨ ਪੰਜਾਬੀ ਕਾਵਿ' ਪੁਸਤਕ ਦੇ ਅਧਾਰ ਉੱਤੇ ਪੰਜਾਬੀ 'ਕਿੱਸਾ ਕਾਵਿ' ਬਾਰੇ ਜਾਣਕਾਰੀ ਦਿਉ:

   **ਜਾਂ**

   ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ **ਇਕ** ਕਵਿਤਾ ਦਾ ਆਲੋਚਨਾਤਮਕ ਸਾਰ ਲਿਖੋ:

   1) ਹੀਰ ਵਾਰਿਸ

   2) ਜੰਗਨਾਮਾ ਸ਼ਾਹ ਮੁਹੰਮਦ 15

P.T.O.

3. ਹੇਠ ਦਿੱਤੀਆਂ ਕਹਾਣੀਆਂ ਵਿਚੋਂ ਕਿਸੇ **ਇਕ** ਦਾ ਆਲੋਚਨਾਤਮਕ ਸਾਰ ਆਪਣੇ ਸ਼ਬਦਾਂ ਵਿਚ ਲਿਖੋ:
ਰਾਸ ਲੀਲ੍ਹਾ, ਖੱਬਲ, ਜਗਮਾਤ 15

4. 'ਕਥਾ ਕਹਾਣੀ' ਪਾਠ ਪੁਸਤਕ ਦੀ ਭੂਮਿਕਾ ਦੇ ਅਧਾਰ 'ਤੇ ਪੰਜਾਬੀ ਕਹਾਣੀ ਦੇ ਨਿਕਾਸ ਅਤੇ ਵਿਕਾਸ ਬਾਰੇ ਚਰਚਾ ਕਰੋ।

**ਜਾਂ**

'ਕਥਾ ਕਹਾਣੀ' ਪਾਠ ਪੁਸਤਕ ਦੀਆਂ ਕਹਾਣੀਆਂ 'ਤਾਸ਼ ਦੀ ਆਦਤ' ਅਤੇ 'ਖ਼ਸਮਾਂ ਖਾਣੇ' ਵਿਚ ਕਿਸ ਤਰ੍ਹਾਂ ਦੀਆਂ ਵਿਅੰਗਮਈ ਸਥਿਤੀਆਂ ਨੂੰ ਪੇਸ਼ ਕੀਤਾ ਗਿਆ ਹੈ? 10

5. ੳ) ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਨੂੰ ਉਦਾਹਰਣਾਂ ਸਹਿਤ ਲਿਖੋ। 05
ਅ) ਗੁਰਮੁਖੀ ਲਿਪੀ ਦੀਆਂ ਕੋਈ **ਪੰਜ** ਵਿਸ਼ੇਸ਼ਤਾਵਾਂ ਲਿਖੋ। 05

6. ੳ) ਗੁਰਮੁਖੀ ਲਿਪੀ ਤੇ ਸ਼ਾਹਮੁਖੀ ਲਿਪੀ ਵਿਚ ਕੀ ਅੰਤਰ ਹੈ? ਦੋਹਾਂ ਲਿਪੀਆਂ ਵਿਚਲੇ ਅੰਤਰ ਦੇ ਕਾਰਣਾਂ ਉੱਪਰ ਚਰਚਾ ਕਰੋ। 10
ਅ) ਵਿਆਕਰਣ ਤੇ ਭਾਸ਼ਾ-ਵਿਗਿਆਨ ਵਿਚ ਮੁੱਖ ਅੰਤਰ ਕੀ ਹੈ? 05